ਸ਼ਹੀਦੀ ਬਾਬਾ ਦੀਪਸਿੰਘ

Rare Book

ੴ ਸਤਿਗੁਰਪ੍ਰਸਾਦਿ ॥

-ਸ਼ਹੀਦੀ-

ਬਾਬਾ

ਦੀਪ ਸਿੰਘ

ਜੀ "ਸ਼ਹੀਦ"

ਕ੍ਰਿਤ

ਭਾ: ਅਮਰਸਿੰਘ ਜੀ ਅਮਰਗਜ਼ਾਨੀ

ਜਿਸਨੂੰ

ਭਾਈ ਵਸਾਵਾ ਸਿੰਘ

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ,

ਸ੍ਰੀ ਅਮ੍ਰਿਤਸਰ ਨੇ ਛਪਵਾਯਾ

ਜੁਲਾਈ ੧੯੨੦

ਸਨਾਤਨ ਧਰਮ ਪ੍ਰੇਸ ਕਟੜਾ ਜੈਮਲ ਸਿੰਘ ਅਮ੍ਰਿਤਸਰ ਵਿਚ
ਪੰਡਿਤ ਰਲਿਆ ਰਾਮ ਪ੍ਰਿੰਟਰ ਦੇ ਯਤਨ ਨਾਲ ਛਪਿਆ ॥

ਦੂਜੀਵਾਰ ੨੦੦੦

੧ ੴ ਸਤਿਗੁਰਪ੍ਰਸਾਦਿ ॥

—o—

ਅਬ ਸ਼ਹੀਦੀ ਬਾਬਾ ਦੀਪ ਸਿੰਘ ਜੀ ਦੀ ਲਿਖਤ

[ਬੇਨਤੀ ਸਤਿਗੁਰ ਅਗੇ]

ਜਾਣੀ ਜਾਣ ਸੱਚੇ ਕ੍ਰਿਪਾ ਸਿੰਧ ਸਤਗੁਰ, ਬਾਰੰਬਾਰ ਮੇਰੀ ਨਿਮਸਕਾਰ ਹੋਵੇ। ਆਵੇ ਸ਼ਰਨ ਤੁਸਾਡੜੀ ਟੁਰ ਜੇਹੜਾ, ਓਸ ਜੀਵ ਦਾ ਜਲਦ ਉਧਾਰ ਹੋਵੇ। ਮੈਂ ਭੀ ਆਸ ਤੁਸਾਡੜੀ ਤੱਕ ਆਇਆ, ਮੈਂ ਨਿਮਾਨੜੇ ਦਾ ਬੇੜਾ ਪਾਰ ਹੋਵੇ। ਮੇਰਾ ਮਾਨ ਤੁਸੀ ਮੇਰਾ ਤਾਨ ਤੁਸੀ ਤੇਰਾ ਆਸਰਾ ਚਿੱਤ ਵਿਚਕਾਰ ਹੋਵੇ। ਮੇਰਾ ਚਿੱਤ ਪਿਆਰੜੇ ਗੁਰੂ ਮੇਰੇ ਸਦਾ ਤੁਸਾਂ ਦੇ ਚਰਨਾਂ ਮਝਾਰ ਹੋਵੇ। ਅਮਰ ਸਿੰਘ ਦੀ ਈਹੋ ਹੈ ਆਸ ਸਤਗੁਰ ਮੈਨੂੰ ਆਪ ਦਾ ਜਲਦ ਦੀਦਾਰ ਹੋਵੇ ॥

ਛੰਤ

ਪਿਆਰੇ ਖ਼ਾਲਸਾ ਜੀ । ਸੁਨੋ ਧਿਆਨ ਲਾਕੇ ਦੀਪ ਸਿੰਘ ਦਾ ਹਾਲ ਸੁਨਾਂਵਦਾ ਹਾਂ। ਸਾਡੇ ਉਤੇ ਜੋ ਉਨ੍ਹਾਂ ਉਪਕਾਰ ਕੀਤੇ ਸਾਰਾ ਖੋਲ੍ਹਕੇ ਹਾਲ ਬਤਾਵਨਾ ਹਾਂ। ਜਿਵੇਂ ਮਾਰਿਆ ਧਰਮ ਦੇ ਵੈਰੀਆਂ ਨੂੰ ਅਗੇ ਪੰਥ ਦੇ ਲਿਖ ਟਿਕਾਵਨਾ ਹਾਂ। ਓਟ ਰੱਖ ਅਕਾਲ ਦੀ ਅਮਰ ਸਿੰਘਾ ਹਾਲ ਲਿਖਣਾ ਸ਼ੁਰੂ ਕਰਾਂ ਵਨਾ ਹਾਂ॥

ਬੰਦਾ ਗੁਰਾਂ ਤੋਂ ਹੋ ਬੇਮੁਖ ਮੋਯਾ, ਪਿਆ ਪੰਥ ਵਿੱਚ ਆਨ ਦੁਫਾੜ ਭਾਈ। ਨਿੱਤ ਨਵੀਂ ਮੁਸੀਬਤ ਰਹੇ ਪੰਥ ਉਤੇ ਕਰਦੇ ਤੰਗ ਨਿਤ ਤੁਰਕ ਬੁਰਿਆਰ ਭਾਈ। ਕਈ ਪੰਥ ਦੇ ਪਯਾਰੇ ਸ਼ਹੀਦ ਹੋਏ ਗਏ ਧਰਮ ਤੋਂ ਸੀਸ ਨੂੰ ਵਾਰ ਭਾਏ। ਤਿਨ੍ਹਾਂ ਪਿਆਰਿਆਂ ਵਿਚੋਂ ਇੱਕ ਪਿਆਰੜੇ ਦਾ ਲਿਖਾਂ ਹਾਲ ਮੈਂ ਨਾਲ ਪਿਆਰ ਭਾਈ॥

ਕਬਿਤ

ਆਨ ਜਦੋਂ ਦੇਸ ਵਿੱਚ ਗਿਲਜਿਆਂ ਤੁਫਾਨ ਪਾਇਆ ਦਿੱਤਾ ਸੀ ਫਸਾਦ ਬਾਉਂ ਬਾਉਂ ਤੇ ਖਿਲਾਰ ਜੀ। ਸ਼ਰ੍ਹਾ ਦਾ ਤੁਫਾਨ ਸਾਰੇ ਦੇਸ ਵਿੱਚ ਘੱਤਿਓ ਨੇ ਹਿੰਦੂਆਂ ਨੂੰ ਮਾਰ ਮਾਰ ਕੀਤਾ ਚਾ ਲਚਾਰ ਜੀ। ਸਾਰੀਆਂ ਏਹ ਖਬਰਾਂ ਨੂੰ ਸੁਨ ਪਾਇਆ ਖਾਲਸੇ ਨੇ ਨਾਲ ਜੋ ਕਰੋਧ ਵਾਹੀ ਚੰਗੀ ਤਲਵਾਰ ਜੀ। ਕੀਤੇ ਦੰਦ ਖੱਟੇ ਚੰਗੇ ਗਿਲਜਿਆਂ ਦੇ ਅਮਰ ਸਿੰਘਾ ਜ਼ਾਲਮ ਮੁਕਾਏ ਸਿੰਘਾਂ ਹੋਕੇ ਹੁਸ਼ਿਆਰ ਜੀ ॥

ਵਾਕ ਕਵੀ:--

ਚੰਗੀ ਤਰਾਂ ਜ਼ੋਰ ਪਾਇਆ ਫੇਰ ਆਨ ਖਾਲਸੇ ਨੇ ਤੱਲਕੇ ਦਬਾਏ ਕਈਆਂ ਜ਼ਾਲਮਾਂ ਨੂੰ ਮਾਰਕੇ। ਮਾਰ ਮਾਰ ਸਿੱਧਾ ਕੀਤਾ ਚੰਗੀ ਤਰਾਂ ਵੈਰੀਆਂ ਨੂੰ ਹਿੰਦੂ ਸੁਖੀ ਕੀਤੇ ਜ਼ੋਰ ਸ਼ਰ੍ਹਾ ਦਾ ਉਤਾਰਕੇ। ਗਈ ਜਦੋਂ ਪੇਸ਼ ਨਾ ਸਿੰਘਾਂ ਦੇ ਨਾਲ ਜ਼ਾਲਮਾਂ ਦੀ ਫੌਜਾਂ ਗਈਆਂ

ਬੈਠ ਸੱਬੇ ਘਰੋਂ ਘਰੀਹਾਰਕੇ। ਪਹੁੰਚ ਗਈਆਂ ਖਬਰਾਂ ਜਾਂ ਐਹਮਦੇ ਦੁਰਾਨੀ ਪਾਸ ਚਾੜ੍ਹੀਆਂ ਨੇ ਫੌਜਾਂ ਓਸ ਗੁੱਸਾ ਮਨ ਧਾਰਕੇ ।

ਬੈਂਤ

ਅਹਮਦ ਸ਼ਾਹ ਨੂੰ ਖਬਰਾਂ ਪਹੁੰਚੀਆਂ ਜਾ ਗਿਲਜੇ ਕਈ ਹਜਾਰ ਉਸ ਚਾੜ੍ਹਿਓ ਸੂ। ਖਾਂ ਜਹਾਨ ਦੇ ਤਈਂ ਸਰਦਾਰ ਕਰਕੇ ਹਾਕਮ ਕੁੱਲ ਪੰਜਾਬ ਦਾ ਤਾੜਿਓਸੂ। ਰਲ ਸਿੰਘਾਂ ਨੂੰ ਮਾਰਕੇ ਬਾਹਰ ਕੱਢੋ ਹੁਕਮ ਹਾਕਮਾਂ ਤੇ ਸਖਤ ਚਾੜ੍ਹਿਓਸੂ। ਖਾਂ ਜਹਾਨ ਫੌਜਾਂ ਲੈਕੇ ਆਨ ਪੁੱਜਾ ਥਾਂ ਥਾਂ ਸਿਪਾਹੀ ਉਤਾਰਿਓ ਸੂ।

ਕਬਿਤ

ਗਿਲਜੇ ਰੁਹੇਲੇ ਉਹ ਬਘੇਲੇ ਭੁੱਖੇ ਮਾਸ ਹਾਰੀ ਦੇਸ ਉਤੇ ਆਏ ਨਾਮ ਸਿੰਘਾਂ ਦਾ ਮੁਕਾਉਨ ਨੂੰ। ਦੇਉ ਵਾਂਗ ਕੱਦ ਦੇ ਓਹ ਲੰਮੇ ਸੂਰ ਜਾਪਦੇ ਨੇ ਹੈਨ ਓਹ ਸਮਰੱਥ ਕੱਲਾ ਦੁੰਬਾ ਖਾ ਪਚਾਉਣ ਨੂੰ। ਰੈਹਮ ਅਤੇ ਅਕਲ ਨਾ ਢੁੱਕੀ ਹੈ ਜਿਨ੍ਹਾਂ ਦੇ ਨੇੜੇ ਹਿੰਦੂਆਂ

ਨੂੰ ਭੇੜਾਂ ਜਾਨ ਆਏ ਹੈਨ ਖਾਨ ਨੂੰ। ਚੜ੍ਹਿਆ ਜਹਾਨਖਾਨ ਗੁੱਸਾ ਖਾਕੇ ਅਮਰ ਸਿੰਘਾ ਆਯਾ ਹੜ੍ਹ ਭਰ ਇਸ ਹਿੰਦ ਦੇ ਰੁੜ੍ਹਾਉਨ ਨੂੰ ॥

ਕਬਿੱਤ

ਗਿਲਜੇ ਰੁਹੇਲਿਆਂ ਦੀ ਸੁਨੀ ਬਹੁਤੀ ਫੌਜ ਆਈ ਹਿੰਦੂ ਛੱਡ ਪਿੰਡਾਂ ਤਾਈਂ ਛਪੇ ਜਾ ਉਜਾੜਾਂ ਮੇਂ। ਲੈਕੇ ਧੀਆਂ ਨੂੰਹਾਂ ਅਤੇ ਮਾਲ ਅਸਬਾਬ ਤਾਈਂ ਵਖਤਾਂ ਦੇ ਮਾਰੇ ਹਿੰਦੂ ਵੜੇ ਜਾਕੇ ਝਾੜਾਂ ਮੇਂ। ਅੱਗੇ ਹੀ ਕਿਸੇ ਦੇ ਪੱਲੇ ਰਹੀ ਨਹੀਂ ਖਾਕ ਯਾਰੋ ਸੁਖ ਦਾ ਜੋ ਸ੍ਵਾਸ ਰਤੀ ਰਿਹਾ ਨਾਂ ਕਰਾੜਾਂ ਮੇਂ। ਸਿੰਘ ਭੀ ਤਰੱਠੇ ਨੱਠੇ ਹਰਨ ਜਿੱਕੂੰ ਅਮਰ ਸਿੰਘਾ ਗਏ ਕਈ ਮਾਲਵੇ ਕਈ ਵੜੇ ਜਾ ਪਹਾੜਾਂ ਮੇਂ ॥

[ਜਹਾਨ ਖਾਂ ਨੇ ਸ੍ਰੀ ਅੰਮ੍ਰਿਤਸਰ ਜੀ ਦੀ ਬੇਅਦਬੀ ਕਰਨੀ]

ਬੈਂਤ

ਛੱਡ ਦੇਸ ਨੂੰ ਨੱਠ ਜਦ ਸਿੰਘ ਗਏ ਲਗੇ ਤੁਰਕ ਫਿਰ ਜੱਲ੍ਹੀਆਂ ਪਾਨ ਬੇਲੀ। ਫੌਜਾਂ ਫਿਰਦੀਆਂ ਪਿੰਡਾਂ ਵਿਚ ਭੌਂਦੀਆਂ ਜੀ

ਦੁਖੀ ਹਿੰਦੂਆਂ ਤਾਂਈਂ ਸਤਾਨ ਬੇਲੀ। ਛੱਡ ਪਿੰਡ ਨੂੰ ਨੱਠ ਗਏ ਲੋਕ ਸੱਭੇ ਬੈਠ ਜੰਗਲੀਂ ਜਾਨ ਬਚਾਨ ਬੇਲੀ। ਅੰਮ੍ਰਤਸਰ ਜਹਾਨ ਖਾਂ ਲਾ ਡੇਰੇ ਇਰਦ ਗਿਰਦ ਲਗਾ ਲੁਟ ਖਾਨ ਬੇਲੀ। ਮਿੱਟੀ ਪਾ ਸਰੋਵਰ ਚਾ ਪੂਰਿਓ ਸੂ ਹਰੀ ਮੰਦਰ ਨੂੰ ਲਗਾ ਗਿਰਾਨ ਬੇਲੀ। ਸਿੰਘਾ ਮਾਲਵੇ ਖਬਰਾਂ ਸੁਣ ਪਾਈਆਂ ਪਏ ਬਹੁਤ ਕਚੀਚੀਆਂ ਖਾਨ ਬੇਲੀ। ਖਬਰ ਕਰਕੇ ਹੋਰਨਾਂ ਜਥਿਆਂ ਨੂੰ ਪਏ ਪੰਥ ਦਾ ਕੱਠ ਕਰਾਨ ਬੇਲੀ। ਏਹ ਖਬਰ ੧ਦਮਦਮੇਂ ਵਿਚ ਅਮਰ ਸਿੰਘਾ ਬਾਬਾ ਦੀਪ ਸਿੰਘ ਜੀ ਸੁਣ ਪਾਨ ਬੇਲੀ॥

ਕੋਰੜਾ ਛੰਦ

ਸੁਣੀ ਖਬਰ ਦਮਦਮੇਂ ਦੀਪ ਸਿੰਘ ਜੀ

੧ਏਹ ਦਮਦਮਾਂ ਓਹ ਗੁਰਦੁਆਰਾ ਹੈ ਜਿੱਥੇ ਦਸਵੇਂ ਪਾਤਸ਼ਾਹ ਜੀ ਚਮਕੌਰ ਦਾ ਜੁੱਧ ਕਰਕੇ ਆਏ ਸਨ, ਤੇ ਆਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੱਧੀ ਹੈ, ਅਤੇ ਛੋਟੇ ਸਾਹਿਬ ਜ਼ਾਦਿਆਂ ਦਾ ਸ਼ਹੀਦ ਹੋਣਾ ਸੁਣਿਆਂ ਹੈ।

ਕੈਂਹਦੇ ਚਲ ਭੈਣੀਏਂ ਤੁਰਕਾਂ ਦੀ ਫਿੰਗ ਜੀ।
ਕੈਹਕੇ ਅਕਾਲ ਤਿਆਰੀ ਨੇ ਬੁਲਾਂਵਦੇ।
ਧਰਮ ਦੇ ਸ਼ਹੀਦ ਹੋਣ ਸੂਰੇ ਆਂਵਦੇ।
ਜੱਥੇ ਨੇੜੇ ਤੇੜੇ ਦੇ ਸਭੀ ਬੁਲਾਇ ਕੇ।
ਟੁਰ ਪੈਂਦੇ ਸੂਰਮੇ ਫਤੇ ਗਜਾਇ ਕੇ।
ਜਿਥੋਂ ਜਿਥੋਂ ਸਿੰਘ ਸੁਣ ਖਬਰ ਪਾਂਵਦੇ।
ਧਰਮ ਤੇ ਸ਼ਹੀਦ ਹੋਣ ਸੂਰੇ ਆਂਵਦੇ।
ਅਕੱਠ ਸ੍ਰੀ ਤਰਨ ਤਾਰਨ ਹੋਂਵਦਾ।
ਗੁਰਾਂ ਦੇ ਹਜ਼ੂਰ ਬੈਠਾ ਪੰਥ ਸੋਂਹਵਦਾ।
ਮਿਲ ਮਿਲ ਸਿੰਘ ਸਭ ਫਤੇ ਗਜਾਂਵਦੇ।
ਧਰਮ ਤੇ ਸ਼ਹੀਦ ਹੋਣ ਸੂਰੇ ਆਂਵਦੇ।
ਫੇਰ ਸਿੰਘ ਕਰਨ ਕੇਸੀ ਅਸ਼ਨਾਨ ਜੀ।
ਰੱਜ ਰੱਜ ਸਰੋਵਰ ਵਿਚ ਟੁੱਬੇ ਲਾਨ ਜੀ।
ਫੇਰ ਸਿੰਘਾਂ ਰਲ ਕੀਤਾ ਪ੍ਰਸ਼ਾਦ ਜੀ।
ਸਚੇ ਸਤਿਗੁਰਾਂ ਤਾਂਈ ਕਰਨ ਯਾਦ ਜੀ।
ਅਰਦਾਸ ਬਾਬਾ ਦੀਪ ਸਿੰਘ ਜੀ ਕਰਾਂਵਦੇ।
ਧਰਮ ਤੇ ਸ਼ਹੀਦ ਹੋਣ ਸੂਰੇ ਆਂਵਦੇ॥

(ਬਾਬੇ ਦੀਪ ਸਿੰਘ ਜੀ ਨੇ ਬੇਨਤੀ ਕਰਨੀ ਸਤਿਗੁਰਾਂ ਅਗੇ)

ਬੈਂਤ

ਹੇ ਗੁਰੂ ਅਕਾਲ ਦੇ ਰੂਪ ਸਚੇ ਅਸੀ ਬਿਨੈ ਦੋਇ ਜੋੜ ਸੁਨਾਂਵਦੇ ਹਾਂ। ਹੋਣਾ ਤੁਸਾਂ ਸਹਾਈ ਹੇ ਸਤਿਗੁਰੂ ਜੀ ਅਸੀ ਧਰਮ ਦੇ ਜੁੱਧ ਤੇ ਜਾਂਵਨੇ ਹਾਂ। ਤੁਹਾਡੀ ਆਸ ਰੱਖਕੇ ਨਾਲ ਵੈਰੀਆਂ ਦੇ ਅਸੀ ਗੁਰੂ ਜੀ ਜੰਗ ਮਚਾਂਵਨੇ ਹਾਂ। ਸਾਡੇ ਦਿਲ ਦੀ ਹੋਵੇ ਮੁਰਾਦ ਪੂਰੀ ਦਰ ਡਿੱਗ ਅਰਦਾਸ ਸੁਧਾਂਵਦੇ ਹਾਂ। ਗੀਦੀ ਬਨਕੇ ਪਿਛਾਂ ਨਾ ਪਰਤੀਏ ਜੀ। ਹੋਕੇ ਸਾਹਮਣੇ ਵੈਰੀ ਨੂੰ ਮਾਰੀਏ ਚਾ। ਹੜ ਆਇਆ ਹੈ ਹਿੰਦ ਦੇ ਰੋਹੜਨੇ ਨੂੰ ਤੇਰਾ ਆਸਰਾ ਰਖ ਖਲਹਾਰੀਏ ਚਾ। ਫਤੇ ਪਾਵੀਏ ਧਰਮ ਦੇ ਵੈਰੀਆਂ ਤੇ ਮਾਰ ਦੁਸ਼ਟਾਂ ਨਰਕ ਵਿਚ ਡਾਰੀਏ ਚਾ। ਦਰਸ਼ਨ ਆਖਰੀ ਕਰ ਏਹ ਅਮਰ ਸਿੰਘਾ ਜਾ ਧਰਮ ਤੋਂ ਜਾਨ ਨਿਸਾਰੀਏ ਚਾ॥

ਤ੍ਰੋੜ

ਅਰਦਾਸਾ ਸੋਧ ਕੇ ਇਹ ਫਿਰ ਦੀਪ ਸਿੰਘ ਜੀ ਇਕ ਲੀਕ ਜ਼ਮੀਨ ਤੇ ਪਾਇ ਭਾਈ। ਫੇਰ ਤੇਗ ਮਿਆਨ ਥੀਂ ਕੱਢਕੇ ਤੇ ਸਾਰੇ ਸਿੰਘਾਂ ਦੇ ਤਈਂ ਸੁਨਾਇ ਭਾਈ। ਜਿਸ ਧਰਮ ਤੋਂ ਸੀਸ ਨੂੰ ਵਾਰਨਾਏਂ ਲੀਕੋਂ ਪਾਰ ਲੰਘੇ, ਏਹ ਫੁਰਮਾਇ ਭਾਈ। ਜਿਸ ਮੌਤ ਤੋਂ ਡਰਦਿਆਂ ਭੱਜਨਾਏਂ ਉਹ ਹੁਨੇ ਹੀ ਅਗ੍ਹਾਂ ਨਾ ਆਇ ਭਾਈ। ਜਿਨੂੰ ਮੌਤ ਮਨਜ਼ੂਰ ਹੈ ਆ ਜਾਵੇ ਦੂਜਾ ਹੁਣੇ ਏਥੋਂ ਖਿਸਕ ਜਾਇ ਭਾਈ। ਐਪਰ ਸਿੰਘ ਕੋਹੜੇ ਪਿਛਾਂ ਹਟਨ ਵਾਲੇ ਸਾਰੇ ਪਾਰ ਲੀਕੋਂ ਲੰਘ ਆਇ ਭਾਈ। ਹੱਥੀਂ ਬੰਨ੍ਹ ਲਏ ਗਾਨੇ ਸ਼ਹੀਦੀਆਂ ਦੇ ਚੱਲੇ ਸੂਰਮੇ ਫਤੇ ਗਜਾਇ ਭਾਈ। ਜੋਦ ਖਾਲਸੇ ਦੀ ਚੜ੍ਹੀ ਅਮਰ ਸਿੰਘਾ ਨਾਹਰੇ ਫਤੇ ਦੇ ਦੱਬ ਗਜਾਇ ਭਾਈ॥

[ਬਾਬੇ ਦੀਪ ਸਿੰਘ ਜੀ ਨੇ ਮੂਹਰੇ ਲੱਗਕੇ ਜੰਗ ਲਈ ਤੁਰਨਾ]

ਕੋਰੜਾ ਛੰਦ

ਕਰਕੇ ਤਿਆਰੀਆਂ ਨੇ ਸਿੰਘ ਚੜ੍ਹਦੇ।

ਹੱਥਾਂ ਵਿਚ ਖੰਡੇ ਕੱਢ ਹੈਨ ਫੜਦੇ । ਨੇਜੇ
ਤਲਵਾਰਾਂ ਬਰਛੀਆਂ ਨੇ ਪੈਹਰੀਆਂ । ਬੀਰ
ਰਸ ਵਿਚ ਅੱਖੀਂ ਹੈਨ ਗੈਹਰੀਆਂ । ਤੇੜ ਨੇ
ਕਛੈਹਰੇ ਸਿਰੀਂ ਦਸਤਾਰੇ ਜੀ । ਸ੍ਰੀ ਦਸਮੇਸ
ਦੇ ਚੜ੍ਹੇ ਦੁਲਾਰੇ ਜੀ । ਓਧਰ ਜਹਾਨ ਖਾਨ
ਸੁਨ ਪਾਂਵਦਾ । ਉਹ ਵੀ ਫੌਜ ਲੈਕੇ ਅਗੋਂ
ਉਠ ਧਾਂਵਦਾ । ਵੀਹਕੁ ਹਜਾਰ ਫੌਜ ਲੈਕੇ
ਚੜ੍ਹਦਾ । ਗੋਹੜਵਾਲ ਪਿੰਡ ਪਾਸ ਆਨ
ਅੜਦਾ । ਚਾਰਕੁ ਹਜ਼ਾਰ ਏਧਰ ਸਿੰਘ ਸਾਰੇ
ਨੇ । ਸ੍ਰੀ ਦਸਮੇਸ ਦੇ ਚੜ੍ਹੇ ਦੁਲਾਰੇ ਨੇ। ਦੋਹਾਂ
ਹੀ ਹੁਨ ਪਾਸਿਆਂ ਤੋਂ ਬੀਰ ਜੁਟਦੇ । ਗੋਲੀ
ਤੀਰ ਮੀਂਹ ਵਾਂਗ ਜਾਨ ਛੁਟਦੇ।ਪੈਂਦੇ ਨੇ ਜਾ
ਸਿੰਘ ਕਰ ਕਰ ਅਕਾਲ ਜੀ। ਆ ਗਿਆ ਜੇ
ਅਜ ਗਿਲਜਿਆਂ ਦਾ ਕਾਲ ਜੀ।ਲਾਹੇਸਿੰਘਾਂ
ਗਿਲਜਿਆਂ ਦੇ ਘਾਨ ਭਾਰੇ ਜੀ । ਸ੍ਰੀ ਦਸ
ਮੇਸ ਦੇ ਚੜ੍ਹੇ ਦੁਲਾਰੇ ਜੀ । ਏਧਰ ਜਥੇਦਾਰ
ਦੱਬ ਹੱਲਾ ਕਰਦੇ । ਗਿਲਜੇ ਭੀ ਜਾਨ ਤੋੜ
ਅਗੋਂ ਲੜਦੇ । ਅਮਰ ਸਿੰਘਾ ਜਥੇਦਾਰ ਨੇ

ਸੁਨਾਂਵਦੇ। ਸਿੰਘਾਂ ਦੇ ਜੋਸ਼ ਨੂੰ ਵਧਾਈ ਜਾਂਵਦੇ। ਦੋਹਾਂ ਪਾਸਿਆਂ ਦਾ ਖੂਨ ਜੋਸ਼ ਮਾਰੇ ਜੀ। ਸ੍ਰੀ ਦਸਮੇਸ ਦੇ ਚੜ੍ਹੇ ਦੁਲਾਰੇ ਜੀ॥

ਦੋਹਿਰਾ

ਦੀਪ ਸਿੰਘ ਜਦ ਵੇਖਦੇ ਘੋੜੇ ਤਈਂ ਦੁੜਾਇ। ਫੌਜ ਚੜ੍ਹੀ ਬੇਓੜਕੀ ਤੁਰਕ ਪਾਪੀ ਦੀ ਆਇ। ਸਿੰਘਾਂ ਤਈਂ ਪੁਕਾਰਕੇ ਹੱਲਾ ਦਬ ਕਰਾਨ। ਧੂਹ ਤਲਵਾਰਾਂ ਖਾਲਸੇ ਪੈ ਵੈਰੀ ਗਲ ਜਾਨ॥

ਕਬਿੱਤ

ਖਿੱਚ ਸਿੰਘਾਂ ਤਲਵਾਰ ਚੰਗੇ ਲਾਏ ਨੇ ਸਬਾਰ ਯਾਰੋ ਜੰਗਲਾਂ ਦੇ ਰੁੱਖ ਜਿਵੇਂ ਛਾਂਗੇ ਤਰਖਾਨਾਂ ਨੇ। ਜਿਤ ਵਲ ਜਾਂਦੇ ਢੇਰ ਲਾਈ ਜਾਂਦੇ ਵੈਰੀਆਂ ਦੇ ਖੇਤ ਵੱਢ ਢੇਰ ਜਿਵੇਂ ਲਾਏ ਕ੍ਰਿਸਾਨਾਂ ਨੇ। ਹੱਕਾ ਬੱਕਾ ਹੋਇ ਗਏ ਹਾਕਮ ਤੁਰਕ ਸੱਭ ਭੰਨ ਦਿੱਤੇ ਮੂੰਹ ਤੇਗਾਂ ਮਾਰਕੇ ਜਵਾਨਾਂ ਨੇ। ਜੰਗ ਕਿਹਾ ਇੱਕੋ ਜੇਹਾ ਮੱਚਿਆ ਅਮਰ ਸਿੰਘਾ ਧੱਬਾਂ ਤੀਕ ਜੋਰ

ਲਾਇਆ ਗਿਲਜਿਆਂ ਪਠਾਨਾਂ ਨੇ ॥

ਕਬਿਤ

ਸਿੰਘਾਂ ਦੀ ਹੁਣ ਤੇਗ ਦੀ ਝੱਲੀ ਨਾ ਜਾਇ ਝਾਲ ਯਾਰੋ ਗਿਲਜੇ ਨੇ ਚਲੇ ਪੈਰ ਪਿਛਾਂ ਪ੍ਰਤਾਇ ਜੀ। ਸਿੰਘਾਂ ਮੋਹਰੇ ਹੋਵਨਾਂ ਮੁਹਾਲ ਹੋਯਾ ਸਾਰਿਆਂ ਨੂੰ ਸਭੇ ਫੇਰ ਮੁੜੇ ਸੁਧਾਸਰ ਵਲ ਆਇ ਜੀ। ਹਟਦੀ ਪਈ ਫੌਜ ਪਿਛੇ ਵੇਖਕੇ ਜਹਾਨ ਖਾਨ ਆਪਣੇ ਜੋ ਦਿਲ ਵਿਚ ਡਾਢੀ ਤਮਕ ਖਾਇ ਜੀ। ਘੋੜੇ ਨੂੰ ਕੁਦਾਕੇ ਆਨ ਸਜਦਾ ਅਮਰ ਸਿੰਘਾ ਕੈਂਹਦਾ ਉਚੀ ਆਪਣੀ ਏਹ ਫੌਜ ਨੂੰ ਸੁਨਾਇ ਜੀ॥

(ਜਹਾਨ ਖਾਂ ਨੇ ਫੌਜ ਨੂ ਦਬਕਾਨਾ)

ਬੈਂਤ

ਲੱਖ ਲਾਨਤਾਂ ਤੁਸਾਂ ਦੇ ਹੋਇਆਂ ਨੂੰ ਤੁਸੀ ਕਾਫਰਾਂ ਤੋਂ ਚੱਲੇ ਹਾਰ ਖਾਕੇ। ਨਿੱਜ ਜੰਮਦਿਓ ਘਰ ਪਠਾਨੀਆਂ ਦੇ ਹੋਣੀ ਈਹੋ ਕਰਤੂਤ ਸੀ ਜ਼ਾਹਰ ਆਕੇ। ਲਾਜ ਲਾਂਦੇ ਹੋ ਤੁਸੀ ਕਿਉਂ ਵਡਿਆਂ ਨੂੰ ਮਾਰੋ ਦੁਸ਼ਮਨਾਂ

ਤਈਂ ਪੁਕਾਰ ਜਾਕੇ। ਝੱਲ ਲਾਨਤਾਂ ਮੁੜੇ ਫਿਰ ਅਮਰ ਸਿੰਘਾ ਖੜਕੀ ਫੇਰ ਆ ਦੱਬ ਤਲਵਾਰ ਆਕੇ।

ਤਥਾ

ਏਹ ਦੀਨ ਦਾ ਮੱਚਿਆ ਜੰਗਹੈ ਜੋ ਮਾਰ ਕਾਫਰਾਂ ਤਈਂ ਖਪਾਓ ਖਾਨੋ। ਜੇਕਰ ਜਿੱਤੋਗੇ ਪਾਵੋਗੇ ਦੌਲਤਾਂ ਨੂੰ ਜੇਕਰ ਮਰੋ ਬਹਿਸ਼ਤੀਂ ਜਾਓ ਖਾਨੋ। ਤੁਸੀ ਸਾਬਤਾਂ ਦੁਬਿਆਂ ਖਾਨ ਵਾਲੇ ਵੈਰੀ ਦੀਨ ਕੇ ਪਕੜ ਮੁਕਾਓ ਖਾਨੋ। ਤੁਸਾਂ ਗੁੜ੍ਹਤੀਆਂ ਜੰਗ ਦੀਆਂ ਪੀਤੀਆਂ ਨੇ ਜਾਂ ਮਰੋ ਜਾਂ ਮਾਰਕੇ ਜਾਓ ਖਾਨੋ।

ਕੋਰੜਾ ਛੰਦ

ਹਟ ਪਈ ਫੌਜ ਸੁਨ ਜੋਸ਼ ਖਾਨ ਦਾ।
ਸਰਫਾ ਨਾ ਰੱਖਿਆ ਕਿਸੇ ਨੇ ਜਾਨ ਦਾ।
ਅੱਗੇ ਕਦੋਂ ਘੱਟ ਸਿੰਘ ਸਰਦਾਰ ਜੀ। ਲਾਹੇ ਘਾਨ ਗਿਰਜਿਆਂ ਦੇ ਮਾਰ ਮਾਰ ਜੀ। ਖੰਡਾ ਦੀਪ ਸਿੰਘ ਦਾ ਅਠਾਰਾਂ ਸੇਰਜੀ। ਮਾਰਮਾਰ ਵੈਰੀ ਦਿਤੇ ਨੇ ਨਬੇੜ ਜੀ। ਜੇਹੜਾ ਦੀਖ

ਸਿੰਘ ਅੱਗੇ ਆਨ ਅੜਦਾ। ਕੱਦੂਵਾਂਗ ਜਾਨ ਓਹ ਤਾਂ ਜਾਇ ਝੜਦਾ। ਮਾਰਨ ਵੈਰੀ ਤਾਂਈ ਸਿੰਘ ਲਲਕਾਰ ਜੀ। ਲਾਹੇ ਘਾਨ ਗਿਲ ਜਿਆਂ ਦੇ ਮਾਰ ਮਾਰ ਜੀ। ਬੈਠਾ ਹਾਥੀ ਉਤੇ ਜਾ ਜਹਾਨ ਖਾਨ ਜੀ। ਪਿਆ ਦੀਪ ਸਿੰਘ ਦੀ ਨਜਰ ਆਨ ਜੀ। ਘੋੜੇ ਨੂੰ ਕੂਦਾ ਕੇ ਓਹਦੀ ਵੱਲ ਜਾਂਵਦੇ। ਮਾਰ ਤੇਗਖਾਨ ਦਾ ਨੇ ਸੀਸ ਲਾਂਹਵਦੇ।ਗਿਆਖਾਨ ਲੋਥਾਂ ਦੇ ਵਿਚ ਕਾਰ ਜੀ। ਲਾਹੇ ਘਾਨ ਗਿਲਜਿਆਂ ਦੇ ਮਾਰ ਮਾਰ ਜੀ। ਤੁਰਕਾਂ ਦੇ ਪੈਰ ਗਏ ਮਦਾਨੋਂ ਹੱਲ ਜੀ। ਹੌਲੀ ਹੌਲੀ ਹਟਦੇ ਓਹ ਪਿਛਾਂ ਵੱਲ ਜੀ। ਆਇ ਜਦੋਂ ਪਹੁੰਚੇ ਚੱਬੇ ਪਿੰਡ ਕੋਲ ਜੀ।ਸ਼ਾਹ ਜਮਾਲ ਫੌਜ ਨੂੰ ਸੁਨਾਵੇ ਬੋਲ ਜੀ। ਮਾਰੋ ਸਿੰਘਾਂ ਤਾਂਈ ਮਾਰ ਭਬਕਾਰ ਜੀ। ਲਾਹੇ ਘਾਨ ਗਿਲਜਿਆਂ ਦੇ ਮਾਰ ਮਾਰ ਜੀ। ਦੀਪ ਸਿੰਘ ਨੂੰ ਸੁਨਾਵੇ ਸ਼ਾਹ ਜਮਾਲ ਜੀ। ਸਿੰਘਾ ਕੁਝ ਹੱਥ ਮੈਨੂੰ ਵੀ ਵਿਖਾਲ ਜੀ।

ਸਿੰਘ ਹੋਰੀ ਘੋੜੇ ਨੂੰ ਕੁਦਾਕੇ ਆਂਵਦੇ।
ਕਰ ਲੈ ਵਾਰ ਪੈਹਲੇ ਖਾਨ ਨੂੰ ਸੁਨਾਂਵਦੇ।
ਮਤਾਂ ਪਿਛੋਂ ਅਫਸੋਸ ਕਰੇਂ ਖਾਨ ਓਇ।
ਆ ਗਿਆ ਈ ਜਮ ਤੇਰੀ ਲੈਣ ਜਾਨ ਓਇ।
ਕਰਦਾ ਤੁਰਕੇਰੜਾ ਹੈ ਪੈਹਲੇ ਵਾਰ ਜੀ।
ਸਿੰਘ ਹੋਰੀ ਰੋਕਨ ਹੋਕੇ ਹੁਸ਼ਿਆਰ ਜੀ।
ਕਹੇ ਸਿੰਘ ਵਾਰ ਮੇਰਾ ਰੋਕੀਂ ਖਾਨ ਓਇ।
ਆਗਿਆ ਈ ਜਮ ਤੇਰੀ ਲੈਨ ਜਾਨ ਓਇ।
ਐਪਰ ਦੋਵੇਂ ਸੂਰਮੇ ਨੇ ਹੁਸ਼ਿਆਰ ਜੀ।
ਖਾਂਵਦੇ ਨਾ ਇਕ ਦੂਜੇ ਕੋਲੋਂ ਵਾਰ ਜੀ।
ਏਸ ਫਨ ਵਿਚ ਦੋਵੇ ਉਸਤਾਦ ਜੀ।
ਹੱਬ ਓ ਪਲੱਬੇ ਦੋਹਾਂ ਤਾਈ ਯਾਦ ਨੇ।
ਢਾਲਾਂ ਉਤੇ ਤੇਗਾਂ ਦੱਬ ਵੱਜਨ ਆਨ ਜੀ।
ਆ ਗਿਆ ਈ ਜਮ ਤੇਰੀ ਲੈਨ ਜਾਨ ਜੀ।
ਦੋਹਾਂ ਦੇ ਨੇ ਘੋੜੇ ਖਾ ਜ਼ਖਮ ਮਰਦੇ।
ਹੋਇਕੇ ਪਿਆਦੇ ਸੂਰਮੇ ਨੇ ਲੜਦੇ।
ਕਿੰਨਾਂ ਚਿਰ ਲੜਦੇ ਰਹੇ ਜਵਾਨ ਜੀ।
ਆ ਗਿਆ ਈ ਜਮ ਤੇਰੀ ਲੈਨ ਜਾਨ ਜੀ।

ਆਖਰ ਸਿੰਘ ਹੋਰਾਂ ਦਬ ਤੇਗ ਮਾਰ ਜੀ।
ਸੁਟਿਆ ਏ ਖਾਨ ਨੂੰ ਚਰਨਾ ਮਝਾਰ ਜੀ।
ਐਪਰ ਖਾਂਨ ਡਿਗਦਿਆਂ ਤੇਗ ਮਾਰ ਜੀ।
ਦਿਤਾ ਸੀਸ ਸਿੰਘ ਹੋਰਾਂ ਦਾ ਉਤਾਰ ਜੀ।
ਸਿੰਘ ਹੋਰੀ ਸੀਸ ਤਲੀ ਤੇ ਟਿਕਾਨ ਜੀ।
ਦੋਜ਼ਖਾਂ ਦੇ ਵਿਚ ਖਾਂਨ ਨੂੰ ਪੁਚਾਨ ਜੀ।
ਦੀਪ ਸਿੰਘ ਹੋਰੀ ਮੁਖੋਂ ਕਹੇ ਬਖਾਨ ਜੀ।
ਆਇਆ ਖਾਨ ਜਮ ਤੇਰੀ ਲੈਨ ਜਾਨ ਜੀ।

ਵਾਕ ਕਵੀ

ਬੈਂਤ

ਜਦੋਂ ਤੁਰੇ ਸਨ ਜੰਗ ਨੂੰ ਦੀਪ ਸਿੰਘ ਜੀ
ਹੈਸਨ ਏਹ ਪ੍ਰਣ ਕਰ ਆਇ ਪਿਆਰੇ।
ਅੱਜ ਹੋਣਾ ਸ਼ਹੀਦ ਹੈ ਧਰਮ ਉਤੋਂ
ਅੰਮ੍ਰਿਤਸਰ ਦੇਣਾ ਸੀਸ ਜਾਇ ਪਿਆਰੇ।
ਗੋਹੂ ਵਾਲ ਸੀ ਜੰਗ ਆ ਮਚ ਪਿਆ
ਬਹੁਤੇ ਸਿੰਘ ਨੇ ਤੁਰਕ ਮੁਕਾਏ ਪਿਆਰੇ।
ਆਖਰ ਉਨ੍ਹਾਂ ਦਾ ਵੀ ਸੀਸ ਕੋਲ ਚੱਬੇ
ਲੱਥਾ ਵੈਰੀਆਂ ਦੀ ਅਲਖ ਲਾਹਿ ਪਿਆਰੇ।

ਤਥਾ

ਕੋਲੋਂ ਮਾਰਿਆ ਤਾਨ੍ਹਾ ਇਕ ਸਿੰਘ ਨੇ ਏਹ
ਕਹੇ ਬਚਨ ਨੂੰ ਤੋੜ ਚੜ੍ਹਾ ਪਿਆਰੇ।
ਤਿਨਾਂ ਕੋਹਾਂ ਉਤੇ ਡੇਰਾ ਲਾ ਨਾਹੀਂ
ਚੱਲ ਗੁਰਾਂ ਦੇ ਦਰਸ ਨੂੰ ਪਾ ਪਿਆਰੇ।
ਸਾਰੀ ਸੁਣਕੇ ਗੱਲ ਏਹ ਦੀਪ ਸਿੰਘ ਜੀ
ਲਿਆ ਸੀਸ ਨੂੰ ਤਲੀ ਟਿਕਾ ਪਿਆਰੇ।
ਖੱਬੀ ਤਲੀ ਤੇ ਰੱਖ ਨੇ ਸੀਸ ਲਿਆ
ਸੱਜੇ ਹੱਥ ਮੇਂ ਖੰਡਾ ਉਠਾ ਪਿਆਰੇ।
ਮਾਰੋ ਮਾਰ ਕਰਦੇ ਆ ਪਏ ਵੈਰੀਆਂ ਤੇ
ਦਿੱਤਾ ਤੁਰਕੂਆਂ ਤਈਂ ਭਜਾ ਪਿਆਰੇ।
ਦੇਖ ਧੜ ਲੜਦਾ ਵੈਰੀ ਕੰਬ ਗਏ
ਸੱਭੇ ਦੌੜ ਉਠੇ ਖਿਟ ਚਾ ਪਿਆਰੇ।
ਐਪਰ ਦੀਪ ਸਿੰਘ ਜੀ ਕਦੋਂ ਜਾਨ ਦੇਂਦੇ
ਰਹੇ ਵੈਰੀਆਂ ਦੀ ਅਲਖ ਲਾਹ ਪਿਆਰੇ।
ਅੱਗੇ ਲਾ ਕੇ ਦੂਤੀਆਂ ਵੈਰੀਆਂ ਨੂੰ
ਪਹੁੰਚੇ ਰਾਮਸਰ ਜੀ ਉਤੇ ਆ ਪਿਆਰੇ।
ਦਰਸ਼ਨ ਗੁਰੂ ਦੁਆਰੇ ਦਾ ਕਰਕੇ ਤੇ

ਬੈਠੇ ਸਿੰਘ ਜੀ ਫਤੇ ਗਜਾ ਪਿਆਰੇ।
ਬਣਿਆਂ ਹੈ ਸ਼ਹੀਦ ਗੰਜ ਰਾਮਸਰ ਤੇ
ਝੰਡਾ ਧਰਮ ਦਾ ਰਿਹਾ ਲੈਹਰਾ ਪਿਆਰੇ।
ਅਸਾਂ ਪਾਪੀਆਂ ਵਾਸਤੇ ਓਹ ਪਿਆਰਾ
ਗਿਆ ਸੀਸ ਨੂੰ ਕਰ ਫਿਦਾ ਪਿਆਰੇ।
ਹੋਯਾ ਖਤਮ ਪ੍ਰਸੰਗ ਹੁਣ ਅਮਰ ਸਿੰਘਾ
ਆਖ ਵਾਹਿਗੁਰੂ ਫਤੇ ਅਲਾ ਪਿਆਰੇ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹ